# ਐਮਰਜੈਂਸੀ ਲਈ ਤਿਆਰ ਰਹੋ
# ਜ਼ਰੂਰੀ ਚੀਜ਼ਾਂ ਦੀ ਪੈਕਿੰਗ ਕਰਕੇ

## ਬਚਾਅ ਯੋਜਨਾ

**ਹੋਮ ਐਮਰਜੈਂਸੀ ਕਿੱਟ**

**ਹੋਮ ਐਮਰਜੈਂਸੀ ਕਿੱਟ ਦਾ ਹੋਣਾ ਤੁਹਾਨੂੰ ਇਹ ਯਕੀਨੀ ਬਣਾਏਗਾ ਕਿ ਤੁਸੀ ਕਿਸੇ ਵੀ ਐਮਰਜੈਂਸੀ ਲਈ ਤਿਆਰ ਹੋ।**

ਹੋਮ ਐਮਰਜੈਂਸੀ ਕਿੱਟ ਕਿਸੇ ਐਮਰਜੈਂਸੀ ਦੌਰਾਨ ਅਤੇ ਬਾਅਦ ਵਿਚ ਬਚਾਅ ਦਾ ਇਕ ਮਹੱਤਵਪੂਰਣ ਤੱਤ ਹੈ। ਤੁਹਾਨੂੰ ਕੀ ਚਾਹੀਦਾ ਹੋਵੇਗਾ ਇਸਦੀ ਇੱਕ ਸੂਚੀ ਬਣਾਉਣ ਲਈ ਆਪਣੇ ਪਰਿਵਾਰ ਜਾਂ ਆਪਣੇ ਨਿੱਜੀ ਸਹਾਇਤਾ ਨੈਟਵਰਕ ਨਾਲ ਮਿਲਕੇ ਗੱਲ ਕਰੋ। ਸੰਭਾਵਨਾ ਹੈ ਕਿ ਤੁਹਾਡੇ ਕੋਲ ਪਹਿਲਾਂ ਹੀ ਤੁਹਾਡੇ ਘਰ ਵਿਚ ਬਹੁਤ ਸਾਰੀਆਂ ਲੋੜੀਂਦੀਆਂ ਚੀਜ਼ਾਂ ਮੌਜੂਦ ਹੋਣ।

**ਜਦੋਂ ਤਕ ਤੁਹਾਡੀ ਕਿੱਟ ਪੂਰੀ ਨਹੀ ਹੁੰਦੀ ਉਦੋਂ ਤਕ ਇਸ ਸੌਖੀ ਚੈੱਕਲਿਸਟ ਨੂੰ ਫਰਿੱਜ 'ਤੇ ਰੱਖੋ !**

## ਬਚਾਅ ਦੀਆਂ ਚੀਜ਼ਾਂ ਦੇ ਸੁਝਾਅ:

### ☐ ਰੋਸ਼ਨੀ



**ਸੁਝਾਅ!**

- ਟਾਰਚ ਵਿਚ ਬੈਟਰੀ (ਸੈੱਲ) ਨਾ ਛੱਡੋ ਅਤੇ ਹਰ ਛੇ ਮਹੀਨਿਆਂ ਬਾਅਦ ਉਹਨਾਂ ਦੀ ਜਾਂਚ ਕਰੋ।
- ਵਿੰਡ-ਅਪ ਟਾਰਚਾਂ ਲੈਣ ਬਾਰੇ ਵਿਚਾਰ ਕਰੋ ਜਿਨ੍ਹਾਂ ਨੂੰ ਬੈਟਰੀਆਂ(ਸੈੱਲਾਂ) ਦੀ ਜ਼ਰੂਰਤ ਨਹੀਂ ਪੈਂਦੀ ਹੈ।

### ☐ ਨਕਦ



**ਸੁਝਾਅ!**

- ਹੋ ਸਕਦਾ ਹੈ ਕਿ ATM ਅਤੇ ਬੈਂਕ ਕਿਸੇ ਵੀ ਐਮਰਜੈਂਸੀ ਦੇ ਸ਼ੁਰੂਆਤੀ ਪੜਾਅ ਵਿੱਚ ਕੰਮ ਨਾ ਕਰਨ।
- ਕੁਝ ਨਕਦ ਰੱਖਣਾ ਮੁਢਲੀਆਂ ਅਤੇ ਜ਼ਰੂਰੀ ਲੋੜਾਂ ਪੂਰੀਆਂ ਕਰਨ ਵਿੱਚ ਸਹਾਇਤਾ ਕਰੇਗਾ।

### ☐ ਪਾਣੀ



**ਸੁਝਾਅ!**

- ਐਮਰਜੈਂਸੀ ਤੋਂ ਬਾਅਦ ਕਦੇ ਵੀ ਟੂਟੀ ਦਾ ਪਾਣੀ ਨਾ ਪੀਓ ਜਦੋਂ ਤਕ ਅਧਿਕਾਰੀਆਂ ਨੇ ਸਲਾਹ ਨਾ ਦਿੱਤੀ ਹੋਵੇ ਕਿ ਇਹ ਸੁਰੱਖਿਅਤ ਹੈ.
- ਪਾਣੀ ਨੂੰ 12 ਮਹੀਨਿਆਂ ਤੱਕ ਹਵਾ ਬੰਦ ਕੰਟੇਨਰਾਂ ਵਿਚ ਸਟੋਰ ਕੀਤਾ ਜਾ ਸਕਦਾ ਹੈ। ਲੇਬਲ ਲਗਾਓ ਕਿ ਪਾਣੀ ਆਖਰੀ ਵਾਰ ਕਦੋਂ ਬਦਲਿਆ ਗਿਆ ਸੀ।

### ☐ ਰੇਡੀਓ (ਬੈਟਰੀ ਨਾਲ ਚੱਲਣ ਵਾਲਾ)



**ਸੁਝਾਅ!**

- ਐਮਰਜੈਂਸੀ ਵਿਚ ਅਕਸਰ ਰੇਡੀਓ ਜਾਣਕਾਰੀ ਦਾ ਸਰਬੋਤਮ ਸਾਧਨ ਹੁੰਦਾ ਹੈ।
- ਆਪਣੇ ਸਥਾਨਕ ਰੇਡੀਓ ਅਤੇ ਹੋਰ ਸਥਾਨਕ ਸੇਵਾਵਾਂ ਦੀ ਫ੍ਰੀਕੁਇੰਸੀ ਦਾ ਨਿਸ਼ਾਨ ਡਾਇਲ 'ਤੇ ਲਗਾਓ।
- ਕੋਈ ਰੇਡੀਓ ਚੁਣੋ ਜੋ ਬੈਟਰੀ ਨਾਲ ਚੱਲਣ ਵਾਲਾ ਹੈ ਅਤੇ ਬਿਜਲੀ 'ਤੇ ਨਿਰਭਰ ਨਹੀ ਕਰਦਾ ਹੈ।

ਕੈਨਬਰਾ ਨੂੰ ਸੁਰੱਖਿਅਤ ਰੱਖਣ ਲਈ ACT ਐਂਬੂਲੈਂਸ ਸਰਵਿਸ, ACT ਫਾਇਰ ਐਂਡ ਰੈਸਕਿਯੂ, ਐਕਟ ਰੂਰਲ ਫਾਇਰ ਸਰਵਿਸ ਅਤੇ ACT ਸਟੇਟ ਐਮਰਜੈਂਸੀ ਸਰਵਿਸ ਮਿਲਕੇ ACT ਐਮਰਜੈਂਸੀ ਸਰਵਿਸਿਜ਼ ਏਜੰਸੀ ਵਜੋਂ ਕੰਮ ਕਰਨਗੀਆਂ।

ACT Government

ACT EMERGENCY SERVICES AGENCY

esa.act.gov.au/be-emergency-ready

**Be Emergency Ready**

## ☐ ਫਸਟ ਏਡ ਕਿੱਟ (ਮੁਢਲੀ ਸਹਾਇਤਾ ਕਿੱਟ)



**ਸੁਝਾਅ!**

- ਪਰਿਵਾਰਕ ਜਾਂ ਕਾਰ ਲਈ ਫਸਟ ਏਡ ਕਿੱਟ ਖਰੀਦਣ ਦੇ ਨਾਲ-ਨਾਲ, ਫਸਟ ਏਡ ਦੀ ਸਿਖਲਾਈ ਲੈਣਾ ਵੀ ਇਕ ਚੰਗਾ ਵਿਚਾਰ ਹੈ।

## ☐ ਸੁਰੱਖਿਅਕ ਕੱਪੜੇ / ਕੰਬਲ



**ਸੁਝਾਅ!**

- ਲੰਬੀਆਂ ਬਾਹਾਂ ਵਾਲੇ ਕੱਪੜੇ ਅਤੇ ਪੂਰੀਆਂ ਪੈਂਟਾਂ ਜੋ ਕੁਦਰਤੀ ਰੇਸ਼ੇ ਤੋਂ ਬਣੀਆਂ ਹੋਈਆਂ ਹੋਣ ਬਾਰੇ ਵਿਚਾਰ ਕਰੋ ਅਤੇ ਮੌਸਮ ਬਾਰੇ ਵੀ ਗੌਰ ਰੱਖੋ।
- ਸਖਤ ਜੁੱਤੇ ਜਾਂ ਬੂਟ ਅਤੇ ਹੈਵੀ ਡਿਊਟੀ ਦਸਤਾਨਿਆਂ ਨੂੰ ਵੀ ਪੈਕ ਕਰਨ ਦੀ ਕੋਸ਼ਿਸ਼ ਕਰੋ।
- ਸਨਸਕ੍ਰੀਨ, ਕੀੜੇ-ਮਕੌੜਿਆਂ ਤੋਂ ਬਚਣ ਵਾਲੀਆਂ ਕਰੀਮਾਂ/ ਸਪਰੇਆਂ ਅਤੇ ਵੱਡੀਆਂ-ਵੱਡੀਆਂ ਟੋਪੀਆਂ ਯਾਦ ਰੱਖੋ।

## ☐ ਵਿਸ਼ੇਸ਼ ਮੈਡੀਕਲ ਸਪਲਾਈ ਜਾਂ ਉਪਕਰਣ



**ਸੁਝਾਅ!**


- ਤੁਹਾਨੂੰ ਕਿਹੜੀਆਂ ਦਵਾਈਆਂ ਜਾਂ ਸਪਲਾਈਆਂ ਦੀ ਜ਼ਰੂਰਤ ਪੈ ਸਕਦੀ ਹੈ ਅਤੇ ਇਨਹਾਂ ਨੂੰ ਵਿੱਚ ਸ਼ਾਮਲ ਕਰੋ
- ਉਨਹਾਂ ਦੇ ਨਾਮ, ਖੁਰਾਕ ਮਾਤਰਾ ਅਤੇ ਆਪਣੇ ਡਾਕਟਰੀ ਨੁਸਖਿਆਂ ਦੀਆਂ ਕਾਪੀਆਂ ਨਾਲ ਇੱਕ ਸੂਚੀ ਬਣਾਓ।

**ਆਪਣੀ ਦਵਾਈ ਲਓ**

ਆਪਣੀ ਹੋਮ ਐਮਰਜੈਂਸੀ ਕਿੱਟ ਨੂੰ ਪੈਕ ਕਰਨ ਵੇਲੇ ਡਾਕਟਰੀ ਜ਼ਰੂਰਤਾਂ ਹਰ ਇਕ ਲਈ ਮਹੱਤਵਪੂਰਣ ਵਿਚਾਰ ਹੁੰਦੀਆਂ ਹਨ।

14 ਦਿਨਾਂ ਤੱਕ ਦੀ ਲੋੜ ਜਿੰਨੀ ਦਵਾਈ ਰੱਖਣ ਦੀ ਯੋਜਨਾ ਬਣਾਓ ਜਿਸਦੀ ਤੁਹਾਨੂੰ ਜ਼ਰੂਰਤ ਹੋਵੇ।

## ☐ ਚਾਰਜਰ



**ਸੁਝਾਅ!**

- ਆਪਣੇ ਫ਼ੋਨ ਲਈ ਚਾਰਜਰ ਜਾਂ ਚਾਰਜ ਕੀਤੀ ਬੈਟਰੀ ਦਾ ਬੰਡਲ ਰੱਖੋ।
- ਪੁਰਾਣਾ ਲੈਂਡਲਾਈਨ ਫ਼ੋਨ ਰੱਖਣ ਬਾਰੇ ਵੀ ਵਿਚਾਰ ਕਰੋ ਜੋ ਬਿਜਲੀ 'ਤੇ ਨਿਰਭਰ ਨਹੀਂ ਕਰਦਾ ਹੈ- ਤੁਹਾਡੀ ਟੈਲੀਫੋਨ ਐਕਸਚੇਂਜ ਅਜੇ ਵੀ ਕੰਮ ਕਰ ਸਕਦੀ ਹੈ ਭਾਵੇਂ ਕਿ ਬਿਜਲੀ ਨਾ ਹੋਵੇ।

## ☐ ਨਹਾਉਣ-ਧੋਣ ਦਾ ਸਮਾਨ



**ਸੁਝਾਅ!**

- ਨਹਾਉਣ-ਧੋਣ ਦਾ ਸਮਾਨ ਹੋਣਾ ਤੁਹਾਨੂੰ ਤਾਜ਼ਗੀ ਬਣਾਈ ਰੱਖਣ ਅਤੇ ਤੁਹਾਨੂੰ ਰੋਜ਼ਮਰਾ ਦੀ ਭਾਵਨਾ ਦੇਣ ਵਿਚ ਮਦਦ ਕਰ ਸਕਦਾ ਹੈ - ਭਾਵੇਂ ਤੁਸੀ ਨਹਾਉਣ ਜਾਂ ਸ਼ਾਵਰ ਲੈਣ ਵਿਚ ਅਸਮਰੱਥ ਹੋਵੋ।

## ☐ ਭੋਜਨ



**ਸੁਝਾਅ!**

- ਆਪਣੇ ਪਰਿਵਾਰ ਵਿੱਚ ਬਾਲਕਾਂ, ਬੱਚਿਆਂ ਅਤੇ ਪਾਲਤੂ ਜਾਨਵਰਾਂ ਸਮੇਤ ਹਰੇਕ ਦੀਆਂ ਜ਼ਰੂਰਤਾਂ ਨੂੰ ਯਾਦ ਰੱਖੋ।
- ਜੇ ਤੁਸੀ ਘਰ ਰਹਿ ਰਹੇ ਹੋ, ਤਾਂ ਤੁਹਾਨੂੰ ਲੰਬੇ ਸਮੇਂ ਲਈ ਸ਼ੈਲਫ-ਲਾਈਫ ਵਾਲੀਆਂ ਚੀਜ਼ਾਂ ਦੀ ਜ਼ਰੂਰਤ ਹੋਏਗੀ ਜੋ ਤਿਆਰ ਕਰਨ ਵਿਚ ਸੌਖੀਆਂ ਹੋਣ।

## ☐ ਪਾਲਤੂ ਜਾਨਵਰਾਂ ਦੀਆਂ ਜ਼ਰੂਰੀ ਚੀਜ਼ਾਂ



**ਸੁਝਾਅ!**

- ਆਪਣੇ ਪਾਲਤੂ ਜਾਨਵਰ ਨੂੰ ਪਾਣੀ ਦੀ ਜ਼ਰੂਰਤ ਵਿਚ ਗਿਣੋ, ਅਤੇ ਇਹ ਪੱਕਾ ਕਰੋ ਕਿ ਤੁਹਾਡਾ ਕੁੱਤਾ ਜਾਂ ਬਿੱਲੀ ਰਜਿਸਟਰਡ ਹੈ ਅਤੇ ਮਾਈਕਰੋਚਿੱਪਡ ਹੈ।

☑ ਜ਼ਿਆਦਾਤਰ ਚੀਜ਼ਾਂ ਜੋ ਤੁਹਾਨੂੰ ਚਾਹੀਦੀਆਂ ਹਨ ਕਿਸੇ ਸੁਪਰਮਾਰਕੀਟ ਜਾਂ ਹਾਰਡਵੇਅਰ ਸਟੋਰ ਤੋਂ ਮਿਲ ਜਾਣਗੀਆਂ .

☑ ਯਾਦ ਰੱਖੋ ਕਿ ਤੁਹਾਡੇ ਕੋਲ ਪਹਿਲਾਂ ਤੋਂ ਹੀ ਘਰ ਵਿਚ ਉਪਯੋਗੀ ਚੀਜ਼ਾਂ ਹੋ ਸਕਦੀਆਂ ਹਨ, ਜਿਵੇਂ ਕਿ ਕੈਂਪਿੰਗ ਉਪਕਰਣ।

# ਸੁਝਾਈਆਂ ਗਈਆਂ ਰਿਕਵਰੀ ਵਸਤੂਆਂ:

## ☐ ਮਹੱਤਵਪੂਰਣ ਦਸਤਾਵੇਜ਼ਾਂ ਦੀ ਸਕੈਨ ਜਾਂ ਫੋਟੋ ਕਾਪੀਆਂ



**ਸੁਝਾਅ!**

- ਨਿਯਮਤ ਤੌਰ 'ਤੇ USB ਜਾਂ ਸਟੋਰੇਜ਼ ਡਿਵਾਈਸਾਂ ਦੀ ਕਾਰਜਕੁਸ਼ਲਤਾ ਦੀ ਜਾਂਚ ਕਰੋ।
- ਜੇ ਜ਼ਰੂਰੀ ਹੋਵੇ ਤਾਂ ਵਾਟਰਪਰੂਫ ਜਾਂ ਫਾਇਰਪਰੂਫ ਕੰਟੇਨਰਾਂ ਦੀ ਵਰਤੋਂ ਕਰੋ।
- ਦਸਤਾਵੇਜ਼ਾਂ ਦੀ ਇੱਕ ਵਾਧੂ ਕਾਪੀ ਸੁਰੱਖਿਅਤ ਢੰਗ ਨਾਲ ਘਰ ਤੋਂ ਬਿਨਾਂ ਕਿਸੇ ਹੋਰ ਜਗਹ੍ਹਾ 'ਤੇ ਰੱਖਣੀ, ਸ਼ਾਇਦ ਕਿਸੇ ਤਾਲਾਬੰਦ ਦਰਾਜ਼ ਵਿਚ ਕੰਮ 'ਤੇ, ਕਿਸੇ ਪਰਿਵਾਰਕ ਮੈਂਬਰ ਨਾਲ, ਜਾਂ ਕਲਾਊਡ ਵਿਚ ਸਟੋਰ ਕਰਨਾ ਇਕ ਵਧੀਆ ਵਿਚਾਰ ਹੈ।

### ਰੱਖਣ ਲਈ ਮਹੱਤਵਪੂਰਨ ਦਸਤਾਵੇਜ਼:

- ☐ ਪਾਸਪੋਰਟ
- ☐ ਗਿਰਵੀਨਾਮੇ ਦੇ ਕਾਗਜ਼
- ☐ ਵਸੀਅਤ
- ☐ ਬੀਮੇ ਦੇ ਕਾਗਜ਼
- ☐ ਡਰਾਈਵਰ ਲਾਇਸੈਂਸ
- ☐ ਡਾਕਟਰੀ ਨੁਸਖੇ/ ਲਿਖੀਆਂ ਦਵਾਈਆਂ ਦੀ ਪਰਚੀ
- ☐ ਵਿਆਹ ਅਤੇ ਜਨਮ ਦੇ ਸਰਟੀਫਿਕੇਟ
- ☐ ਮੈਡੀਕਲ ਇਤਿਹਾਸ
- ☐ ਜ਼ਮੀਨ ਸਿਰਲੇਖ (ਲੈਂਡ ਟਾਈਟਲ)
- ☐ ਬੱਚਿਆਂ ਦੇ ਟੀਕਾਕਰਨ ਦੀਆਂ ਕਿਤਾਬਾਂ

## ☐ ਤੁਹਾਡੀ ਬਚਾਅ ਯੋਜਨਾ



**ਸੁਝਾਅ!**

- ਆਪਣੀ ਬਚਾਅ ਯੋਜਨਾ ਦੀ ਇਕ ਕਾਪੀ ਰੱਖੋ। ਤੁਹਾਡੀ ਯੋਜਨਾ ਵਿੱਚ ਮਹੱਤਵਪੂਰਣ ਸੰਪਰਕ ਜਾਣਕਾਰੀ, ਡਾਕਟਰੀ ਯੋਜਨਾਵਾਂ ਅਤੇ ਬੀਮਾ ਸ਼ਾਮਲ ਹੋਣੇ ਚਾਹੀਦੇ ਹਨ.

## ☐ ਕੀਮਤੀ ਘਰੇਲੂ ਚੀਜ਼ਾਂ ਦੀਆਂ ਚੌਰਸ ਤਸਵੀਰਾਂ



**ਸੁਝਾਅ!**

- ਫੋਟੋਆਂ ਤੁਹਾਡੀ ਉਸ ਸਮੇਂ ਮਦਦ ਕਰ ਸਕਦੀਆਂ ਹਨ ਜਦੋਂ ਤੁਹਾਨੂੰ ਆਪਣੀ ਬੀਮਾ ਕੰਪਨੀ ਨੂੰ ਚੀਜ਼ਾਂ ਦਾ ਵਰਣਨ ਕਰਨ ਦੀ ਜ਼ਰੂਰਤ ਹੁੰਦੀ ਹੈ.

## ☐ ਵੀਡੀਓ ਅਤੇ ਫੋਟੋਆਂ ਦੀਆਂ ਕਾਪੀਆਂ



**ਸੁਝਾਅ!**

- ਕਲਾਊਡ ਵਿਚ ਆਪਣੇ ਵੀਡੀਓ ਅਤੇ ਫੋਟੋਆਂ ਦਾ ਬੈਕ-ਅਪ ਲੈਣਾ ਜਗਹ੍ਹਾ ਘੇਰਨ ਨੂੰ ਬਚਾ ਸਕਦਾ ਹੈ ਅਤੇ ਤੁਹਾਨੂੰ ਉਨਹ੍ਹਾਂ ਨੂੰ ਕਿਸੇ ਵੀ ਸਮੇਂ / ਕਿਤੇ ਵੀ ਪਹੁੰਚ ਕਰਨ ਦਿੰਦਾ ਹੈ।

---

- ☑ ਇਹ ਪੱਕਾ ਕਰੋ ਕਿ ਕੀਮਤੀ ਚੀਜ਼ਾਂ ਜ਼ਮੀਨੀ ਪੱਧਰ ਤੋਂ ਕਾਫ਼ੀ ਉੱਪਰ ਚੰਗੀ ਤਰਹ੍ਹਾਂ ਸਟੋਰ ਕੀਤੀਆਂ ਗਈਆਂ ਹਨ, ਜਾਂ ਵਾਟਰਪਰੂਫ ਕੰਟੇਨਰਾਂ ਦੀ ਵਰਤੋਂ ਕਰੋ।
- ☑ ਆਪਣੇ ਸਕੈਨ ਕਿਤੇ ਦਸਤਾਵੇਜ਼ ਜਾਂ ਕਾਪੀਆਂ ਸਟੋਰ ਕਰੋ ਤਾਂ ਜੋ ਉਨਹ੍ਹਾਂ ਨੂੰ ਜਲਦੀ ਅਤੇ ਆਸਾਨੀ ਨਾਲ ਚੁੱਕਿਆ ਜਾ ਸਕੇ ਜੇ ਤੁਹਾਨੂੰ ਘਰ ਛੱਡਣਾ ਪਏ ਤਾਂ।
- ☑ ਤੁਹਾਡੇ ਮਹੱਤਵਪੂਰਣ ਦਸਤਾਵੇਜ਼ਾਂ ਨਾਲ ਕੀਤੀ ਗਈ ਉਹੀ ਦੇਖਭਾਲ ਤੁਹਾਡੇ ਨਿੱਜੀ ਵੀਡੀਓ ਅਤੇ ਫੋਟੋਆਂ 'ਤੇ ਵੀ ਲਾਗੂ ਕੀਤੀ ਜਾ ਸਕਦੀ ਹੈ।
- ☑ ਨਿਸ਼ਾਨਦੇਹੀ ਕਰੋ ਜਿਥੇ ਤੁਹਾਡੀਆਂ ਕੀਮਤੀ ਚੀਜ਼ਾਂ ਤੁਹਾਡੇ ਘਰ ਵਿਚ ਸਟੋਰ ਕੀਤੀਆਂ ਜਾਂਦੀਆਂ ਹਨ ਜੇ ਤੁਸੀ ਉਨਹ੍ਹਾਂ ਨੂੰ ਜਲਦੀ ਇਕੱਠਾ ਕਰਨਾ ਹੋਵੇ ਤਾਂ।
- ☑ ਕਿਸੇ ਵੀ ਮਹੱਤਵਪੂਰਨ ਘਰੇਲੂ ਚੀਜ਼ਾਂ ਦੀਆਂ ਫੋਟੋਆਂ ਲਓ, ਖ਼ਾਸਕਰ ਉਨਹ੍ਹਾਂ ਦਾ ਜਿੰਨਹ੍ਹਾਂ ਦਾ ਬੀਮਾ ਕੀਤਾ ਗਿਆ ਹੈ। ਐਮਰਜੈਂਸੀ ਤੋਂ ਬਾਅਦ ਕਿਸੇ ਵੀ ਬੀਮੇ ਦੇ ਦਾਅਵਿਆਂ ਵਿਚ ਸਹਾਇਤਾ ਲਈ ਫੋਟੋਆਂ ਨੂੰ ਆਪਣੀ ਕਿੱਟ ਵਿਚ ਕਾਪੀਆਂ ਨਾਲ ਕਿਸੇ ਸੁਰੱਖਿਅਤ ਜਗਹ੍ਹਾ 'ਤੇ ਸਟੋਰ ਕਰੋ।